# ਮੁੜ ਨਿਯੁਕਤੀ ਲਈ ਨਿਯਮ ਅਤੇ ਸ਼ਰਤਾ

ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਵਿੱਚ ਚੱਲ ਰਹੇ ਮਹੱਤਵਪੂਰਣ ਪ੍ਰੋਜੈਕਟਾਂ ਨੂੰ ਸਮੇ ਸਿਰ ਮੁਕੰਮਲ ਕਰਨ ਲਈ ਜਲ ਸਰੋਤ ਵਿਭਾਗ ਵਿਚੋ ਸੇਵਾ ਨਵਿਰਤ ਹੋਏ ਤਕਨੀਕੀ ਸਟਾਫ ਨੂੰ ਮੁੜ ਨਿਯੁਕਤ ਕਰਨ ਸਬੰਧੀ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ: -

| ਲੜੀ ਨੰ: | ਅਸਾਮੀ ਦਾ ਨਾਮ | ਅਸਾਮੀਆਂ ਦੀ ਗਿਣਤੀ | ਯੋਗਤਾ |
|---|---|---|---|
| 1. | ਨਿਗਰਾਨ ਇੰਜੀਨੀਅਰ | 03 | ਬਤੌਰ ਨਿਗਰਾਨ ਇੰਜੀਨੀਅਰ ਜਲ ਸਰੋਤ ਵਿਭਾਗ, ਪੰਜਾਬ ਵਿਚੋਂ ਮਿਤੀ: 01.01.2019 ਨੂੰ ਜਾਂ ਬਾਅਦ ਵਿੱਚ ਸੇਵਾ ਨਵਿਰਤ ਹੋਇਆ ਹੋਵੇ। |
| 2. | ਕਾਰਜਕਾਰੀ ਇੰਜੀਨੀਅਰ | 15 | ਬਤੌਰ ਕਾਰਜਕਾਰੀ ਇੰਜੀਨੀਅਰ ਜਲ ਸਰੋਤ ਵਿਭਾਗ, ਪੰਜਾਬ ਵਿਚੋਂ ਮਿਤੀ: 01.01.2019 ਨੂੰ ਜਾਂ ਬਾਅਦ ਵਿੱਚ ਸੇਵਾ ਨਵਿਰਤ ਹੋਇਆ ਹੋਵੇ। |
| 3. | ਡਰਾਫਸਮੈਨ | 30 | ਬਤੌਰ ਡਰਾਫਸਮੈਨ/ਡੀ.ਐਚ.ਡੀ/ ਸੀ.ਐਚ.ਡੀ ਜਲ ਸਰੋਤ ਵਿਭਾਗ, ਪੰਜਾਬ ਵਿਚੋਂ ਮਿਤੀ: 01.01.2019 ਨੂੰ ਜਾਂ ਬਾਅਦ ਵਿੱਚ ਸੇਵਾ ਨਵਿਰਤ ਹੋਇਆ ਹੋਵੇ। |

## ਸ਼ਰਤਾਂ: -

1. ਇਸ ਮੁੜ ਨਿਯੁਕਤੀ ਤੇ ਅਧਿਕਾਰੀ ਨੂੰ ਮਿਲਣ ਵਾਲੀ ਤਨਖਾਹ Last Pay drawn minus Pension ਮਿਲਣਯੋਗ ਹੋਵੇਗੀ। ਇਸ ਤੋਂ ਇਲਾਵਾ ਹੋਰ ਕੋਈ ਵੀ ਭੱਤਾ ਮਿਲਣਯੋਗ ਨਹੀਂ ਹੋਵੇਗਾ।
2. ਅਧਿਕਾਰੀ ਨੂੰ ਕਿਸੇ ਵੀ ਕਿਸਮ ਦੀ ਤਨਖਾਹ ਸਕੇਲ ਵਿੱਚ ਵਾਧਾ ਅਤੇ ਏਰੀਅਰ ਆਦਿ ਦੇ ਕਲੇਮ ਕਰਨ ਦਾ ਹੱਕ ਨਹੀਂ ਹੋਵੇਗਾ।
3. ਅਧਿਕਾਰੀ ਪੰਜਾਬ ਸਰਕਾਰ ਵੱਲੋਂ ਸਮੇ-2 ਸਿਰ ਜਾਰੀ ਨਿਯਮਾਂ/ਹਦਾਇਤਾਂ/ਨੋਟਿਫਿਕੇਸ਼ਨ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।
4. ਅਧਿਕਾਰੀ ਕੇਵਲ ਅਨੁਬੰਧ ਅਧਾਰ ਤੇ ਮਿਲਣ ਵਾਲੀ ਤਨਖਾਹ ਤੋਂ ਇਲਾਵਾ ਹੋਰ ਕਿਸੇ ਕਿਸਮ ਦੇ ਵਿੱਤੀ ਲਾਭ ਦਾ ਹੱਕਦਾਰ ਨਹੀਂ ਹੋਵੇਗਾ।
5. ਅਧਿਕਾਰੀ ਨੂੰ ਗਜਟਿਡ ਅਤੇ ਸਮੇਂ-2 ਸਿਰ ਸਰਕਾਰ ਵੱਲੋ ਘੋਸ਼ਿਤ ਕੀਤੀਆਂ ਸਰਕਾਰੀ ਛੁੱਟੀਆਂ ਮਿਲਣਯੋਗ ਹੋਣਗੀਆਂ।
6. ਸਰਕਾਰ ਇਹ ਮੁੜ ਨਿਯੁਕਤੀ ਨੂੰ ਬਿਨ੍ਹਾਂ ਕਿਸੇ ਨੋਟਿਸ ਤੋਂ ਰੱਦ ਕਰ ਸਕਦੀ ਹੈ।
7. ਇਹ ਮੁੜ ਨਿਯੁਕਤੀ ਦਾ ਸਮਾਂ ਮਿਤੀ: 31.03.2021 ਤੱਕ ਹੋਵੇਗਾ ਅਤੇ ਇਸ ਨਿਯੁਕਤੀ ਦਾ ਸਮਾਂ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਵਧਾਇਆ ਜਾ ਸਕਦਾ ਹੈ।
8. ਮੁੜ ਨਿਯੁਕਤੀ ਹੋਣ ਉਪਰੰਤ ਅਧਿਕਾਰੀ ਨੂੰ ਪੰਜਾਬ ਦੇ ਕਿਸੇ ਵੀ ਖੇਤਰ ਵਿੱਚ ਤੈਨਾਤ ਕੀਤਾ ਜਾ ਸਕਦਾ ਹੈ।

## ਅਪਲਾਈ ਕਰਨ ਸਬੰਧੀ ਹਦਾਇਤਾਂ: -

- ਬਿਨੈ ਪੱਤਰ ਨੂੰ ਦਿੱਤਾ ਗਏ ਪ੍ਰੋਫਾਰਮੇ ਵਿੱਚ ਭਰਿਆ ਜਾਣਾ ਲਾਜ਼ਮੀ ਹੈ।
- ਬਿਨੈ ਪੱਤਰ ਦਸਤੀ/ਸਪੀਡ ਪੋਸਟ/ਰਜਿਸਟਰਡ ਪੋਸਟ ਰਾਹੀਂ ਮੁੱਖ ਇੰਜੀਨੀਅਰ/ਹੈਡਕੁਆਰਟਰ ਅਤੇ ਡਿਸਪਿਊਟ ਰੈਜ਼ੋਲੂਸ਼ਨ, ਜਲ ਸਰੋਤ ਵਿਭਾਗ, ਪੰਜਾਬ, ਸੈਕਟਰ 18, ਚੰਡੀਗੜ੍ਹ ਦੇ ਪਤੇ ਤੇ ਮਿਤੀ: 16.11.2020 ਸਮਾਂ ਸ਼ਾਮ 5.00 ਵਜੇ ਤੋਂ ਪਹਿਲਾਂ-2 ਭੇਜੇ ਜਾਣ। ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਪ੍ਰਤੀ ਬੇਨਤੀਆਂ ਅਤੇ ਅਧੂਰੇ ਬਿਨੈ ਪੱਤਰ ਤੇ ਵਿਚਾਰ ਨਹੀ ਕੀਤਾ ਜਾਵੇਗਾ।
- ਅਧਿਕਾਰੀ ਵੱਲੋਂ ਆਪਣੇ ਬਿਨੈ ਪੱਤਰ ਦੇ ਨਾਲ ਸਵੈ ਘੋਸ਼ਣਾ ਪੱਤਰ ਦਿੱਤਾ ਜਾਵੇਗਾ ਕਿ ਉਸ ਵਿਰੁੱਧ ਕੋਈ ਵੀ ਇੰਨਕੁਆਰੀ/ ਫੋਜਦਾਰੀ ਕੇਸ ਆਦਿ ਨਹੀਂ ਚਲਦਾ ਹੈ।

ਮੁੱਖ ਇੰਜੀਨੀਅਰ/ਹੈਡਕੁਆਰਟਰ ਅਤੇ ਡਿਸਪਿਊਟ<br>ਰੈਜ਼ੋਲੂਸ਼ਨ, ਜਲ ਸਰੋਤ ਵਿਭਾਗ, ਪੰਜਾਬ,<br>ਸੈਕਟਰ 18, ਚੰਡੀਗੜ੍ਹ।

# ਬਿਨੈ ਪੱਤਰ ਦਾ ਪ੍ਰੋਫਾਰਮਾ

1. ਅਸਾਮੀ ਦਾ ਨਾਮ : ..........................................................

2. ਨਿੱਜੀ ਵੇਰਵੇ: - : ..........................................................

   1. ਅਧਿਕਾਰੀ ਦਾ ਨਾਮ : ..........................................................

   2. ਪਿਤਾ ਨਾ ਨਾਮ : ..........................................................

   3. ਜਨਮ ਮਿਤੀ : ..........................................................

   4. ਘਰ ਦਾ ਪਤਾ : ..........................................................

3. ਸੇਵਾ ਸਬੰਧੀ ਵੇਰਵੇ

   1.ਪੱਦ ਉਨਤੀ ਦੀ ਮਿਤੀ: : ..........................................................

   2. ਸੇਵਾ ਨਵਿਰਤੀ ਦੀ ਮਿਤੀ : ..........................................................

   3. ਸੇਵਾ ਨਵਿਰਤੀ ਸਮੇਂ ਦਫਤਰ ਦਾ ਨਾਮ : ..........................................................

   4. ਤਜਰਬੇ ਦਾ ਵੇਰਵਾ (150 ਸ਼ਬਦਾ ਵਿੱਚ) : ..........................................................

ਮਿਤੀ : ਅਧਿਕਾਰੀ ਦੇ ਹਸਤਾਖਰ

ਮੈਂ ਤਸਦੀਕ ਕਰਦਾ ਹਾਂ ਕਿ ਮੇਰੇ ਵੱਲੋਂ ਉਕਤ ਭਰੀ ਗਈ ਸੂਚਨਾ ਦਰੁੱਸਤ ਹੈ। ਮੈਂ ਕੋਈ ਵੀ ਤੱਥ ਲੁਕਾਏ ਅਤੇ ਛੁਪਾਏ ਨਹੀ ਹਨ।

ਮਿਤੀ: ਅਧਿਕਾਰੀ ਦੇ ਹਸਤਾਖਰ